Perinatal Services BC
An agency of the Provincial Health Services Authority

# ਬੀ ਸੀ ਦਾ ਛੋਟੇ ਬੱਚੇ ਦੀ ਟੱਟੀ ਦੇ ਰੰਗ ਬਾਰੇ ਕਾਰਡ
# ਬਿਲੀਅਰੀ ਅਟਰੀਸੀਆ ਦੀ ਜਾਂਚ ਕਰਨ ਦਾ ਪ੍ਰੋਗਰਾਮ

## ਟੱਟੀ ਦੇ ਅਸਾਧਾਰਣ ਰੰਗ




## ਟੱਟੀ ਦੇ ਸਾਧਾਰਣ ਰੰਗ




**ਬਿਲੀਅਰੀ ਅਟਰੀਸੀਆ ਦੀ ਜਾਂਚ ਕਰਨ ਲਈ ਜਨਮ ਤੋਂ ਬਾਅਦ ਦੇ ਪਹਿਲੇ ਮਹੀਨੇ ਹਰ ਰੋਜ਼ ਆਪਣੇ ਬੱਚੇ ਦੀ ਟੱਟੀ ਦਾ ਰੰਗ ਚੈੱਕ ਕਰੋ**

**ਜੇ ਕਿਸੇ ਵੀ ਵੇਲੇ ਤੁਹਾਨੂੰ ਆਪਣੇ ਬੱਚੇ ਦੀ ਟੱਟੀ ਦਾ ਰੰਗ ਅਸਾਧਾਰਣ ਦਿਖਾਈ ਦੇਵੇ (ਉਪਰ ਰੰਗ ਨੰਬਰ 1, 2, 3, 4, 5, 6 ਦੇਖੋ) ਤਾਂ ਕਿਰਪਾ ਕਰਕੇ ਅੱਗੇ ਦਿੱਤੇ ਨੰਬਰ 'ਤੇ ਪੈਰੀਨੇਟਲ ਸਰਵਿਸਿਜ਼ ਬੀ ਸੀ ਨਾਲ ਸੰਪਰਕ ਕਰੋ:**

**ਫੋਨ:** ਮੁਫਤ ਨੰਬਰ 1-877-5-TEST-4-BA (1-877-583-7842)

**ਈਮੇਲ:** psbc@phsa.ca

ਅੱਗੇ ਦਿੱਤੀ ਜਾਣਕਾਰੀ ਦਿਉ:

- ਤੁਹਾਡਾ ਨਾਂ ਅਤੇ ਫੋਨ ਨੰਬਰ
- ਤੁਹਾਡੇ ਬੱਚੇ ਦੇ ਜਨਮ ਦੀ ਤਾਰੀਕ
- ਉਸ ਹਸਪਤਾਲ ਦਾ ਨਾਂ ਜਿੱਥੇ ਤੁਹਾਡਾ ਬੱਚਾ ਪੈਦਾ ਹੋਇਆ ਸੀ
- ਮਾਂ ਦਾ ਪਹਿਲਾਂ ਨਾਂ, ਗੋਤ, ਅਤੇ ਵਿਆਹ ਤੋਂ ਪਹਿਲਾਂ ਦਾ ਗੋਤ

ਜੇ ਤੁਸੀਂ ਆਪਣੇ ਡਾਕਟਰ ਕੋਲ ਜਾਣ ਦੀ ਚੋਣ ਕਰਦੇ ਹੋ ਤਾਂ **ਇਹ ਕਾਰਡ ਆਪਣੇ ਨਾਲ ਲੈ ਕੇ ਜਾਉ**। ਜੇ ਤੁਹਾਡਾ ਛੋਟਾ ਬੱਚਾ ਦੋ ਹਫਤਿਆਂ ਦੀ ਉਮਰ ਨਾਲੋਂ ਵੱਡਾ ਹੈ ਅਤੇ ਉਸ ਨੂੰ ਅਜੇ ਵੀ ਪੀਲੀਆ ਹੈ ਤਾਂ ਆਪਣੇ ਡਾਕਟਰ ਨੂੰ ਕਹੋ ਕਿ ਉਹ ਬਿਲੀਰੂਬਨ ਲਈ ਖ਼ੂਨ ਟੈੱਸਟ ਕਰਵਾਏ।

ਬਿਲੀਅਰੀ ਅਟਰੀਸੀਆ ਬਾਰੇ ਜ਼ਿਆਦਾ ਜਾਣਕਾਰੀ ਇਸ ਕਾਰਡ ਦੇ ਦੂਜੇ ਪਾਸੇ ਹੈ।

Perinatal Services BC
An agency of the Provincial Health Services Authority

# ਬੀ ਸੀ ਦਾ ਛੋਟੇ ਬੱਚੇ ਦੀ ਟੱਟੀ ਦੇ ਰੰਗ ਬਾਰੇ ਕਾਰਡ
# ਬਿਲੀਅਰੀ ਅਟਰੀਸੀਆ ਦੀ ਜਾਂਚ ਕਰਨ ਦਾ ਪ੍ਰੋਗਰਾਮ

## ਬਿਲੀਅਰੀ ਅਟਰੀਸੀਆ ਕੀ ਹੈ?

ਬਿਲੀਅਰੀ ਅਟਰੀਸੀਆ ਨਵਜੰਮੇ ਬੱਚਿਆਂ ’ਤੇ ਜ਼ਿੰਦਗੀ ਦੇ ਪਹਿਲੇ ਮਹੀਨੇ ਵਿਚ ਅਸਰ ਪਾਉਣਾ ਸ਼ੁਰੂ ਕਰਦੀ ਹੈ। ਇਹ ਇਕ ਬਹੁਤ ਘੱਟ ਹੋਣ ਵਾਲੀ ਪਰ ਜਿਗਰ ਦੀ ਗੰਭੀਰ ਬੀਮਾਰੀ ਹੈ ਜੋ ਕਿ ਬਾਇਲ ਡੱਕਟ (ਪਿੱਤੇ ਦੀ ਨਾਲੀ) ਵਿਚ ਅੜਿੱਕੇ ਦਾ ਨਤੀਜਾ ਹੁੰਦੀ ਹੈ। ਇਸ ਨਾਲ ਬਾਇਲ ਜਿਗਰ ਵਿੱਚੋਂ ਨਹੀਂ ਜਾਂਦਾ। ਜੇ ਛੇਤੀ ਇਲਾਜ ਨਾ ਕੀਤਾ ਜਾਵੇ ਤਾਂ ਜਿਗਰ ਦਾ ਨੁਕਸਾਨ ਅਤੇ ਜ਼ਖਮ ਦੋ ਸਾਲ ਦੀ ਉਮਰ ਤੱਕ ਮੌਤ ਦਾ ਕਾਰਨ ਬਣ ਸਕਦੇ ਹਨ। ਬਿਲੀਅਰੀ ਅਟਰੀਸੀਆ ਸਭ ਤੋਂ ਆਮ ਕਾਰਨ ਹੈ ਜਿਸ ਕਰਕੇ ਬੱਚਿਆਂ ਨੂੰ ਜਿਗਰ ਬਦਲੀ (ਲਿਵਰ ਟ੍ਰਾਂਸਪਲਾਂਟ) ਦੀ ਲੋੜ ਪੈਂਦੀ ਹੈ।

## ਬਿਲੀਅਰੀ ਅਟਰੀਸੀਆ ਦੀ ਵਾਰਨਿੰਗ ਦੇਣ ਵਾਲੀਆਂ ਨਿਸ਼ਾਨੀਆਂ ਕਿਹੜੀਆਂ ਹਨ?

ਜਨਮ ਤੋਂ ਬਾਅਦ ਪਹਿਲੇ ਕੁਝ ਦਿਨਾਂ ਵਿਚ ਤੁਹਾਡੇ ਬੱਚੇ ਦੀ ਚਮੜੀ ਜਾਂ ਅੱਖਾਂ ਵਿਚ ਪਿਲੱਤਣ ਦਿਖਾਈ ਦੇਣਾ (ਇਕ ਬੀਮਾਰੀ ਜਿਸ ਨੂੰ ਪੀਲੀਆ ਆਖਿਆ ਜਾਂਦਾ ਹੈ) ਬਹੁਤ ਆਮ ਹੈ। ਪਰ, ਕੁਝ ਬੱਚਿਆਂ ਦਾ ਪੀਲੀਆ ਦੋ ਹਫਤਿਆਂ ਨਾਲੋਂ ਜ਼ਿਆਦਾ ਸਮੇਂ ਲਈ ਰਹਿ ਸਕਦਾ ਹੈ।

ਜੇ ਤੁਹਾਡੇ ਬੱਚੇ ਨੂੰ ਪੀਲੀਆ ਦੋ ਹਫਤੇ ਤੋਂ ਜ਼ਿਆਦਾ ਸਮੇਂ ਲਈ ਰਹਿੰਦਾ ਹੈ ਅਤੇ ਉਸ ਦੀ ਟੱਟੀ ਹਲਕੇ ਪੀਲੇ ਰੰਗ ਦੀ, ਚਾਕ ਵਰਗੀ ਚਿੱਟੀ ਜਾਂ ਮਿੱਟੀ ਰੰਗੀ ਹੈ ਤਾਂ ਇਹ ਨਿਸ਼ਾਨੀ ਹੈ ਕਿ ਆਂਤੜੀ ਵਿਚ ਬਹੁਤ ਘੱਟ ਬਾਇਲ ਜਾ ਰਹੀ ਹੈ ਜਾਂ ਨਹੀਂ ਜਾ ਰਹੀ, ਅਤੇ ਇਸ ਦਾ ਮਤਲਬ ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਬਿਲੀਅਰ ਅਟਰੀਸੀਆ ਹੈ।

## ਬਿਲੀਅਰੀ ਅਟਰੀਸੀਆ ਦਾ ਪਤਾ ਲਾਉਣ ਵਿਚ ਮਾਪੇ ਕਿਵੇਂ ਮਦਦ ਕਰ ਸਕਦੇ ਹਨ?

ਇਸ ਕਾਰਡ ਦੇ ਸਾਹਮਣੇ ਪਾਸੇ ਰੰਗਾਂ ਅਤੇ ਹਿਦਾਇਤਾਂ ਦੀ ਵਰਤੋਂ ਕਰਦੇ ਹੋਏ, ਜਨਮ ਤੋਂ ਬਾਅਦ ਦੇ ਪਹਿਲੇ ਮਹੀਨੇ ਹਰ ਰੋਜ਼ ਆਪਣੇ ਬੱਚੇ ਦੀ ਟੱਟੀ ਦਾ ਰੰਗ ਚੈੱਕ ਕਰੋ।

## ਹਫਤੇ ਬਾਅਦ ਚੇਤੇ ਕਰਵਾਏ ਜਾਣ ਲਈ ਸਾਈਨ ਅੱਪ ਹੋਵੋ

ਤੁਸੀਂ ਆਪਣੇ ਸਮਾਰਟਫੋਨ ਨਾਲ ਇਸ ਕੋਡ ਨੂੰ ਸਕੈਨ ਕਰਕੇ, **ਹਫਤੇ ਬਾਅਦ ਮਿਲਣ ਵਾਲੀ ਈਮੇਲ ਜਾਂ ਟੈਕਸਟ ਰੀਮਾਈਂਡਰ ਲਈ ਸਾਈਨ ਅੱਪ** ਹੋ ਸਕਦੇ ਹੋ।

ਤੁਸੀਂ ਚੇਤੇ ਕਰਵਾਏ ਜਾਣ ਲਈ ਇੱਥੇ ਵੀ ਸਾਈਨ ਅੱਪ ਹੋ ਸਕਦੇ ਹੋ **www.tiny.cc/PSBC_BAreminder**

### ਇਸ ਕਾਰਡ ਉੱਪਰ ਹੋਰ ਜ਼ੁਬਾਨਾਂ ਵਿਚ ਜਾਣਕਾਰੀ

ਇਸ ਕਾਰਡ ਉੱਪਰ ਹਿਦਾਇਤਾਂ ਅਰਬੀ, ਸਿੰਪਲੀਫਾਇਡ ਚਾਇਨੀਜ਼, ਟ੍ਰਡੀਸ਼ਨਲ ਚਾਇਨੀਜ਼, ਫਰੈਂਚ, ਜਪਾਨੀ, ਕੋਰੀਅਨ, ਪਰਸ਼ੀਅਨ, ਪੁਰਤਗੇਜ਼ੀ, ਪੰਜਾਬੀ, ਸਪੈਨਿਸ਼ ਅਤੇ ਵੀਅਤਨਾਮੀ ਭਾਸ਼ਾਵਾਂ ਵਿਚ ਉਪਲਬਧ ਹਨ।
**www.tiny.cc/PSBC_BA** ’ਤੇ ਜਾਉ।

ਅਸੀਂ ਹੈਲਥ ਪ੍ਰੋਮੋਸ਼ਨ ਐਡਮਿਨਸਟਰੇਸ਼ਨ, ਡਿਪਾਰਟਮੈਂਟ ਔਫ ਹੈਲਥ ਐਂਡ ਵੈਲਫੇਅਰ, ਤੈਵਾਨ, ਅਤੇ ਪ੍ਰੋਫੈਸਰ ਮੀ-ਹਵੀ ਚੈਂਗ, ਕਾਲਜ ਔਫ ਮੈਡੀਸੀਨ, ਨੈਸ਼ਨਲ ਤੈਵਾਨ ਯੂਨੀਵਰਸਿਟੀ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ 9-ਰੰਗਾ ਇਨਫੈਂਟ ਸਟੂਲ ਕਲਰ ਕਾਰਡ ਵਰਤਣ ਦੀ ਸਾਨੂੰ ਆਗਿਆ ਦਿੱਤੀ।


©2015 Perinatal Services BC